## ਸ਼ਰਾਰਤੀ ਅਨਸਰਾਂ ਵਲੋਂ ਪਿੰਡ ਰਾਮ ਦਿਵਾਲੀ ਮੁਸਲਮਾਨਾਂ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪ ਤੇ ਕੁੱਝ ਗੁਟਕੇ ਅਗਨ ਭੇਂਟ

**ਅੰਮ੍ਰਿਤਸਰ/ ਮਵਦੀਲਾ ਬਿਓਰੋ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾ ਦੀ ਬੇਅਦਬੀ ਕਾਰਨ ਪੰਜਾਬ ਦੇ ਪਿਛਲੇ ਕੁਝ ਮਹੀਨੇ ਪੂਰੀ ਤਰ੍ਹਾਂ ਦਹਿਸ਼ਤ ਦੇ ਸਾਏ ਵਿਚੋਂ ਗੁਜਰੇ ਹਨ। ਬੇਅਦਬੀ ਕਰਨ ਵਾਲਿਆਂ ਦਾ ਪਤਾ ਨਾ ਲੱਗਣ ਕਾਰਨ ਅਜੇ ਉਹ ਮਾਮਲਾ ਠੰਡਾ ਨਹੀਂ ਹੋਇਆ ਤੇ ਹੁਣ ਫੇਰ ਕੁੱਝ ਸ਼ਰਾਰਤੀ ਅਨਸ਼ਰਾ ਨੇ ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਦੁਆਰਾ ਉਹੀ ਘਿਣਾਉਣਾ ਕਾਰਾ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪ ਤੇ ਕੁੱਝ ਗੁਟਕਾ ਸਾਹਿਬ ਅਗਨ ਭੇਂਟ ਕਰ ਦਿੱਤੇ ਹਨ, ਜਿਸ ਕਾਰਨ ਸਿੱਖ ਭਾਈਚਾਰੇ ਦੇ ਦੁਆਰਾ ਹਿਰਦੇ ਵਲੂੰਧਰੇ ਗਏ ਹਨ।

ਇਕੱਤਰ ਜਾਣਕਾਰੀ ਅਨੁਸਾਰ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਰਾਮ ਦਿਵਾਲੀ ਮੁਸਲਮਾਨਾਂ ਵਿਖੇ ਈਸਾਈ ਅਤੇ ਮਜ਼ਬੀ ਸਿੱਖ ਬਰਾਦਰੀ ਨਾਲ ਸਬੰਧਤ ਕੁਝ ਸ਼ਰਾਰਤੀ ਅਨਸਰਾਂ ਵਲੋਂ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪ ਤੇ ਕੁੱਝ ਗੁਟਕਾ ਸਾਹਿਬ ਅਗਨ ਭੇਂਟ ਕਰ ਦਿੱਤੇ ਗਏ। ਇਸ ਘਟਨਾ ਨਾਲ ਸਬੰਧੀ ਤਿੰਨ ਦੋਸ਼ੀਆਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ।

ਸੂਤਰਾ ਮੁਤਾਬਕ ਪਿੰਡ ਦੇ ਹੀ ਤਿੰਨ ਸ਼ਰਾਰਤੀ ਅਨਸਰ ਰਾਤ ਕਰੀਬ ਸਾਢੇ ਬਾਰਾਂ ਵਜੇ ਗੁਰਦੁਆਰੇ ਦੇ ਅੰਦਰ ਗਏ ਅਤੇ ਇਹਨਾਂ ਨੇ ਗੁਰਦੁਆਰੇ ਦੇ ਕਮਰੇ ਦਾ ਦਰਵਾਜ਼ਾ ਤੋੜਿਆ ਤੇ ਅੰਦਰ ਦਾਖਿਲ ਹੋ ਕੇ ਅੰਦਰ ਪਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪਾਂ ਦੇ ਉਤੇ ਕੁੱਝ ਗੁਟਕਾ ਸਾਹਿਬਾਂ ਨੂੰ ਇਕੱਠਿਆਂ ਕਰਕੇ ਅੱਗ ਲਗਾ ਦਿੱਤੀ। ਗੁਰਦੁਆਰੇ ਦੇ ਨਾਲ ਦੇ ਘਰ ਦੇ ਵਸਨੀਕ ਜਗਜੀਤ ਸਿੰਘ ਨੇ ਦੱਸਿਆ ਕਿ ਉਸ ਨੂੰ ਰਾਤ ਗੁਰਦੁਆਰੇ ਅੰਦਰ ਖੜਕਾ ਸੁਣਿਆਂ ਤਾ ਉਹ ਤੁਰੰਤ ਘਰੋਂ ਬਾਹਰ ਨਿਕਲ ਕੇ ਵੇਖਿਆ ਕਿ ਕੁਝ ਲੋਕ ਗੁਰਦੁਆਰੇ ਅੰਦਰ ਸਨ ਤਾਂ ਉਸ ਨੇ ਰੌਲਾ ਪਾ ਕੇ ਹੋਰ ਲੋਕਾਂ ਨੂੰ ਸੱਦਿਆ। ਇਸ ਦੌਰਾਨ ਇਹਨਾਂ ਸ਼ਰਾਰਤੀ ਅਨਸਰਾਂ ਨੇ ਅੰਦਰ ਅੱਗ ਲਗਾ ਦਿੱਤੀ ਸੀ ਤੇ ਉਹ ਗੁਰਦੁਆਰੇ ਵਿਚੋਂ ਭੱਜ ਗਏ।

ਉਸ ਨੇ ਦੱਸਿਆ ਕਿ ਲੋਕਾਂ ਨੇ ਨਾਲ ਦੇ ਇੱਕ ਕਮਰੇ ਵਿੱਚ ਲੁਕੇ ਇੱਕ ਵਿਅਕਤੀ ਪ੍ਰੇਮ ਸਿੰਘ ਟੀਟੂ ਨੂੰ ਮੌਕੇ ਤੇ ਫੜ ਲਿਆ ਤੇ ਜਦੋਂ ਲੋਕਾਂ ਨੇ ਉਸਦੀ ਮਾਰ ਕੁੱਟ ਕੀਤੀ ਤਾਂ ਉਸਨੇ ਦੱਸਿਆ ਕਿ ਦੋ ਹੋਰ ਵਿਅਕਤੀ ਸ਼ਮਸ਼ੇਰ ਸਿੰਘ ਸ਼ੇਰਾ ਅਤੇ ਰਾਜਨ ਮਸੀਹ ਉਰਫ ਰਾਜੂ ਵੀ ਉਸ ਦੇ ਨਾਲ ਸਨ ਤਾਂ ਲੋਕਾ ਨੇ ਉਹਨਾਂ ਨੂੰ ਵੀ ਜਾ ਕੇ ਫੜ ਲਿਆ। ਇਹ ਵਿਅਕਤੀ ਡੀਜ਼ਲ ਦੀ ਬੋਤਲ ਨਾਲ ਲੈ ਕੇ ਆਏ ਸਨ ਅਤੇ ਇਹਨਾਂ ਨੇ ਪਹਿਲਾਂ ਗੋਲਕ ਵਿਚੋਂ ਪੈਸੇ ਕੱਢੇ ਅਤੇ ਫਿਰ ਇਸ ਘਟਨਾ ਨੂੰ ਅੰਜ਼ਾਮ ਦਿੱਤਾ। ਪ੍ਰੇਮ ਸਿੰਘ ਤੇ ਪਹਿਲਾਂ ਵੀ ਚੋਰੀ ਦੇ ਕਈ ਕੇਸ ਹਨ। ਪੁਲਿਸ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਇਹਨਾਂ ਨੇ ਆਪਣਾ ਗੁਨਾਹ ਕਬੂਲ ਲਿਆ ਹੈ। ਥਾਣਾ ਮੱਤੇਵਾਲ ਵਿੱਚ ਇਹਨਾਂ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ। ਇਹਨਾਂ ਨੂੰ ਬਾਬਾ ਬਕਾਲਾ ਦੀ ਅਦਾਲਤ ਵਿੱਚ ਪੇਸ਼ ਕਰਕੇ ਤਿੰਨ ਦਿਨ ਦਾ ਪੁਲਿਸ ਰਿਮਾਂਡ ਲਿਆ ਗਿਆ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਐਸ.ਐਸ.ਪੀ. ਅੰਮ੍ਰਿਤਸਰ ਦਿਹਾਤੀ ਅਤੇ ਹੋਰ ਸੀਨੀਅਰ ਅਧਿਕਾਰੀ ਮੌਕੇ ਤੇ ਪਹੁੰਚ ਗਏ। ਇਸ ਘਟਨਾ ਦੀ ਹਰ ਪਾਸਿਓ ਸਖ਼ਤ ਸ਼ਬਦਾਂ ਨਾਲ ਨਿਖੇਧੀ ਕੀਤੀ ਜਾ ਰਹੀ ਹੈ।

## ਕਵਿਤਾ ਸਬਰ ਦੀ ਸੂਲੀ



ਤੁਰ ਪਏ ਸੀ ਮੁੜ ਨਹੀਂ ਸਕਦੇ ਜਿੱਦੀ ਬਹੁਤ,
ਪਤਾ ਹੈ ਮੰਜ਼ਿਲ ਦੇ ਰਾਹ ਬਿਖੜੇ ਤੇ ਬੇਢੰਗੇ ਨੇ।
ਦਿੰਦੇ ਨਾਮ ਜੋ ਧਰਮ ਦੀ ਸੇਵਾ ਦਾ,
ਹੁੰਦੇ ਨੇ ਇੱਥੇ ਫਸਾਦ ਤੇ ਦੰਗੇ ਨੇ।
ਗਰੀਬਾਂ ਦੇ ਤਨ 'ਤੇ ਪਾਈਆਂ ਲੀਰਾਂ,
ਅਮੀਰ ਸ਼ੌਕ ਵਿੱਚ ਫਿਰਦੇ ਅਧਨੰਗੇ ਨੇ।
ਇੱਥੇ ਝੂਠ ਦੇ ਗਲ਼ ਵਿਚ ਹਾਰ ਪੈਂਦੇ,
ਸੱਚ ਦੇ ਗਲ਼ ਝੂਲਦੇ ਫਾਂਸੀ ਦੇ ਫੰਦੇ ਨੇ।
ਇੱਥੇ ਚੋਰਾਂ ਦੀ ਹੈ ਸੁਰੱਖਿਆ ਬਹੁਤ,
ਚਿੱਟੇ ਦਿਨ ਵਿੱਚ ਹੁੰਦੇ ਕਾਲੇ ਧੰਦੇ ਨੇ।
ਪਸ਼ੂਆਂ ਵਰਗੀ ਸੋਚ ਚਿਹਰੇ 'ਤੇ ਅਖੌਟਾਏ,
ਲੋਕੀਂ ਪਤਾ ਨਹੀਂ ਕਿਉਂ ਕਹਿੰਦੇ ਬੰਦੇ ਨੇ।
ਤ੍ਰਿਸ਼ਨਾ ਫੁੱਲਾਂ ਦੀ ਸੇਜ 'ਤੇ ਸੁੱਤੀ ਪਈ,
ਮਜ਼ਬੂਰ ਵਿਚਾਰੇ ਸਬਰ ਦੀ ਸੂਲੀ ਟੰਗੇ ਨੇ।
ਸ਼ਾਇਦ ਕਿਸੇ ਨੂੰ ਭਟਕਣ ਤੋਂ ਬਚਾ ਲੈਣ,
ਹਰਫ਼ਾਂ ਦੇ ਰਾਹ ਰੱਬ ਤੋਂ ਉਧਾਰੇ ਮੰਗੇ ਨੇ।
ਨਾ ਸੋਚ ਕਿ ਨੇਤਾ ਹਰ ਵਾਰ ਦਰ ਤੇ ਆ ਜਾਣ,
ਯਾਰਾ ਦੱਸ! ਕਦੇ ਮੰਗਤੇ ਵੀ ਸੰਗੇ ਨੇ।
ਕੀ ਕਰੀਏ ਆਦਤ ਨਹੀਂ ਦੇਖ ਕੇ ਚੁੱਪ ਰਹਿਣ ਦੀ,
ਉਂਝ 'ਹਰਿਆਓ' ਨੂੰ ਪਾਏ ਸੱਚ ਨੇ ਬਹੁਤ ਪੰਗੇ ਨੇ।

- ਸੁਖਵਿੰਦਰ ਕੌਰ 'ਹਰਿਆਓ'
ਸਕੱਤਰ ਮਾਲਵਾ ਲਿਖਾਰੀ ਸਭਾ, ਸੰਗਰੂਰ
+91-81464-47541
sukhwinderhariao@gmail.com


## ਸੰਤ ਬਲਜੀਤ ਸਿੰਘ ਦਾਦੂਵਾਲ ਜੇਲ੍ਹ ਵਿੱਚੋਂ ਰਿਹਾਅ ਹੋਏ



**ਹੁਸ਼ਿਆਰਪੁਰ/ ਬਿਓਰੋ** - ਸੰਤ ਬਲਜੀਤ ਸਿੰਘ ਦਾਦੂਵਾਲ ਦੇਸ਼ ਧਰੋਹ ਦੇ ਕੇਸ ਵਿੱਚ ਪਿਛਲੇ ਸਾਲ 11 ਨਵੰਬਰ ਤੋਂ ਨਿਆਂਇਕ ਹਿਰਾਸਤ ਵਿੱਚ ਸਨ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸੰਤ ਦਾਦੂਵਾਲ ਨੂੰ 17 ਫਰਵਰੀ ਨੂੰ ਜ਼ਮਾਨਤ ਦਿੱਤੀ ਸੀ। ਉਨ੍ਹਾਂ ਦੀ ਜ਼ਮਾਨਤ ਦੇ ਕਾਗਜ਼ ਪੁੱਜਣ ਬਾਅਦ ਉਨ੍ਹਾਂ ਨੂੰ ਜ਼ਿਲ੍ਹਾ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਸੀ ਪਰ ਇਸ ਤੋਂ ਪਹਿਲਾਂ ਕਿ ਉਹ ਬਾਹਰ ਆਉਂਦੇ ਮੱਖ ਪੁਲੀਸ ਉਨ੍ਹਾਂ ਨੂੰ ਇਕ ਹੋਰ ਕੇਸ ਵਿੱਚ ਗ੍ਰਿਫ਼ਤਾਰ ਕਰਕੇ ਲੈ ਗਈ ਸੀ।

ਜੇਲ੍ਹ ਵਿੱਚੋਂ ਬਾਹਰ ਆਉਣ 'ਤੇ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਤੇ ਵੱਡੀ ਗਿਣਤੀ ਵਿੱਚ ਸੰਤ ਦਾਦੂਵਾਲ ਦੇ ਸਮਰਥਕਾਂ ਨੇ ਉਨ੍ਹਾਂ ਦਾ ਸੁਆਗਤ ਕੀਤਾ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਪੰਥਕ ਕਹਾਉਣ ਵਾਲੀ ਸਰਕਾਰ ਸਿੱਖਾਂ 'ਤੇ ਦੇਸ਼ ਧਰੋਹ ਦੇ ਝੂਠੇ ਕੇਸ ਪਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਬੱਤ ਖਾਲਸਾ ਦੇ ਮਾਮਲੇ ਵਿੱਚ ਜਿੰਨੇ ਵੀ ਹੋਰ ਸਿੰਘ ਗ੍ਰਿਫ਼ਤਾਰ ਕੀਤੇ ਗਏ ਹਨ ਉਨ੍ਹਾਂ ਸਾਰਿਆਂ ਨੂੰ ਰਿਹਾਅ ਕੀਤਾ ਜਾਵੇ।

## ਉੱਘੇ ਸੂਫ਼ੀ ਗਾਇਕ ਕੰਵਰਪਾਲ ਸਿੰਘ ਗਰੇਵਾਲ ਵਿਆਹ ਬੰਧਨ 'ਚ ਬੱਝੇ




**ਸ੍ਰੀ ਮੁਕਤਸਰ ਸਾਹਿਬ / ਬਲਦੇਵ ਸੰਧੂ** -ਉੱਘੇ ਸੂਫ਼ੀ ਗਾਇਕ ਕੰਵਰਪਾਲ ਸਿੰਘ ਗਰੇਵਾਲ ਅਤੇ ਬੀਬੀ ਕਰਮਜੀਤ ਕੌਰ ਵਾਸੀ ਗੁਰੂਸਰ (ਸ੍ਰੀ ਮੁਕਤਸਰ ਸਾਹਿਬ) ਆਪਣਾ ਗ੍ਰਹਿਸਤ ਜੀਵਨ ਸ਼ੁਰੂ 'ਚ ਪ੍ਰਵੇਸ਼ ਕਰ ਗਏ। ਦੋਵਾਂ ਨੇ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ (ਥੇੜੀ ਸਾਹਿਬ) ਸ੍ਰੀ ਮੁਕਤਸਰ ਸਾਹਿਬ ਵਿਖੇ ਤੜਕੇ ਚਾਰ ਵਜੇ ਲਾਵਾਂ ਲਈਆਂ।

ਜਾਣਕਾਰੀ ਅਨੁਸਾਰ ਕੰਵਰ ਗਰੇਵਾਲ ਵੱਲੋਂ ਵੱਧ ਰਹੀਆਂ ਪੰਜਾਬੀ ਰਵਾਇਤਾਂ ਤੋਂ ਉਪਰ ਉੱਠ ਕੇ ਪੂਰਨ ਗੁਰ ਮਰਿਯਾਦਾ ਅਨੁਸਾਰ ਆਨੰਦ ਕਾਰਜ ਦੀ ਰਸਮ ਪੂਰੀ ਕੀਤੀ ਗਈ ਸੀ। ਇਸ ਮੌਕੇ ਉਨ੍ਹਾਂ ਨਾ ਸ਼ੇਰਵਾਨੀ ਪਹਿਨੀ ਅਤੇ ਨਾ ਹੀ ਸਿਹਰਾ ਬੰਨ੍ਹਿਆ, ਬਿਨਾਂ ਦਾਜ ਤੋਂ ਗੁਰਸਿੱਖ ਪਰਿਵਾਰ ਦੀ ਲੜਕੀ ਨਾਲ ਵਿਆਹ ਕਰਵਾਇਆ। ਗਰੇਵਾਲ ਦੀ ਆਨੰਦ ਕਾਰਜ ਰਸਮ ਮੌਕੇ ਗਰੇਵਾਲ ਦੇ ਪਿਤਾ ਬੇਅੰਤ ਸਿੰਘ ਗਰੇਵਾਲ, ਮਾਤਾ ਮਨਜੀਤ ਕੌਰ ਗਰੇਵਾਲ ਤੋਂ ਇਲਾਵਾ ਬੀਬੀ ਮਨਜੀਤ ਕੌਰ ਅਤੇ ਨਜ਼ਦੀਕੀ ਰਿਸ਼ਤੇਦਾਰ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਜਿੱਥੇ ਵਿਆਹ ਰਸਮ ਨੂੰ ਸਾਦਗੀ ਰੂਪ ਵਿਚ ਪੂਰਾ ਕੀਤਾ ਗਿਆ, ਉੱਥੇ ਵਿਆਹ ਬਾਰੇ ਮੀਡੀਆ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ।

## 'ਅਰਦਾਸ' ਫਿਲਮ ਨੂੰ ਲੋਕਾਂ ਨੇ ਪਹਿਲਾਂ ਹੀ ਖਿੜੇ ਮੱਥੇ ਅਪਣਾਇਆ

**ਭਾਰਤ / ਬਿਓਰੋ** - 11 ਮਾਰਚ ਨੂੰ ਭਾਰਤ 'ਚ ਰਿਲੀਜ਼ ਹੋਈ ਫਿਲਮ 'ਅਰਦਾਸ' ਦੀ ਪ੍ਰਮੋਸ਼ਨ ਪੰਜਾਬ 'ਚ ਕਾਫੀ ਦਿਨਾਂ ਤੋਂ ਜ਼ੋਰਾਂ ਨਾਲ ਚੱਲ ਰਹੀ ਸੀ। ਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਵੱਲੋਂ ਲਿਖੀ ਅਤੇ ਆਪਣੀ ਡਾਇਰੈਕਸ਼ਨ ਵਿਚਲੀ ਪਹਿਲੀ ਫਿਲਮ ਅਰਦਾਸ ਨੇ ਲੋਕਾਂ ਨੂੰ ਪੰਜਾਬ ਵਿਚਲੀ ਅਜੋਕੀ ਸਥਿਤੀ ਲਈ ਇਕ ਵਾਰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਅਰਦਾਸ ਫਿਲਮ ਵਿਚ ਧੀਆਂ ਨੂੰ ਕੁੱਖਾਂ 'ਚ ਹੀ ਮਾਰ ਦੇਣਾ, ਪੰਜਾਬ 'ਚ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ, ਖੁਦਕਸ਼ੀਆਂ ਲਈ ਮਜਬੂਰ ਕਿਸਾਨ, ਕੈਂਸਰ ਅਤੇ ਰੋਜ਼ੀ ਰੋਟੀ ਦੀ ਭਾਲ 'ਚ ਵਿਦੇਸ਼ ਗਏ ਨੌਜੁਵਾਨਾਂ ਦੀ ਤ੍ਰਾਸਦੀ ਨੂੰ ਬੜੀ ਖੂਬਸੂਰਤੀ ਨਾਲ ਪਰਦੇ 'ਤੇ ਉਤਾਰਿਆ ਹੈ।




ਫਿਲਮ ਦੀ ਸਟਾਰ ਕਾਸਟ 'ਚ ਗੁਰਪ੍ਰੀਤ ਘੁੱਗੀ, ਐਮੀ ਵਿਰਕ, ਮੈਂਡੀ ਤੱਖੜ, ਇਸ਼ਾ ਰਿਖੀ, ਮਿਹਰ ਵਿੱਜ, ਰਾਣਾ ਰਣਬੀਰ, ਸਰਦਾਰ ਸੋਹੀ, ਕਰਮਜੀਤ ਅਨਮੋਲ, ਬੀ.ਐਨ. ਸ਼ਰਮਾ, ਹੌਬੀ ਧਾਲੀਵਾਲ ਅਤੇ ਹਰਿੰਦਰ ਭੁੱਲਰ ਹਨ। ਰਾਣਾ ਰਣਬੀਰ ਦੇ ਲਿਖੇ ਡਾਇਲਾਗ ਕਿਤੇ ਵੀ ਦਰਸ਼ਕ ਨੂੰ ਫਿਲਮ ਨਾਲੋਂ ਸਾਰਾ ਸਮਾਂ ਟੁੱਟਣ ਨਹੀਂ ਦਿੰਦੇ¢ ਹੈਪੀ ਰਾਇਕੋਟੀ, ਅੰਮਿਤ ਮਾਨ ਅਤੇ ਗਿੱਲ ਰਾਉਂਤਾ ਦੇ ਲਿਖੇ ਗੀਤ ਫਿਲਮ ਦਾ ਮਿਊਜ਼ਿਕ ਅਤੇ ਸਿਨਮਾਟੋਗ੍ਰਾਫੀ ਕਮਾਲ ਦੀ ਹੈ। ਡਾਇਰੈਕਟਰ ਵੱਲੋਂ ਉੱਘੇ ਕਾਮੇਡੀਅਨ ਗੁਰਪ੍ਰੀਤ ਘੁੱਗੀ ਤੋਂ ਇਕ ਕਾਮੇਡੀ ਤੋਂ ਹਟ ਕੇ ਇਕ ਵੱਖਰੇ ਕਿਸਮ ਦੇ ਕਿਰਦਾਰ ਦਾ ਕੰਮ ਲੈਣਾ ਅਤੇ ਗੁਰਪ੍ਰੀਤ ਘੁੱਗੀ ਵੱਲੋਂ ਉਸ ਨੂੰ ਸਫਲਤਾ ਨਾਲ ਨਿਭਾਉਣਾ ਫਿਲਮ ਦਾ ਸਿਖਰ ਹੈ।

'ਅਰਦਾਸ' ਦੀ ਹੀਰੋਇਨ ਇਸ਼ਾ ਰਿਖੀ ਨੇ ਕਿਹਾ ਕਿ ਉਹ ਮਿਸ ਇੰਡੀਆ ਬਣਨਾ ਚਾਹੁੰਦੀ ਸੀ ਪਰ ਮਾਡਲਿੰਗ ਕਰਦੀ-ਕਰਦੀ ਪੰਜਾਬੀ ਫਿਲਮਾਂ 'ਚ ਆ ਗਈ।

'ਅਰਦਾਸ' ਦਾ ਪ੍ਰੀਮੀਅਰ ਆਸਟ੍ਰੇਲੀਆ 'ਚ ਤੇ ਕੈਨੇਡਾ 'ਚ ਵੀ ਹੋਇਆ। ਇਸ ਫਿਲਮ ਨੂੰ ਦੇਸ਼-ਵਿਦੇਸ਼ ਦੇ ਅਜਿਹੇ ਸ਼ਹਿਰਾਂ 'ਚ ਵੀ ਦਿਖਾਇਆ ਜਾਵੇਗਾ, ਜਿਥੇ ਆਮ ਤੌਰ 'ਤੇ ਪੰਜਾਬੀ ਫਿਲਮਾਂ ਨਹੀਂ ਲੱਗਦੀਆਂ ਜਾਂ ਜੇ ਲੱਗਦੀਆਂ ਵੀ ਹਨ ਤਾਂ ਬਹੁਤ ਘੱਟ ਸ਼ੋਅ ਰੱਖੇ ਜਾਂਦੇ ਹਨ। 'ਅਰਦਾਸ' ਨੂੰ ਖਾਸ ਫਰਾਂਸ, ਇਟਲੀ ਤੇ ਆਸਟ੍ਰੀਆ 'ਚ ਵੱਸਦੇ ਪੰਜਾਬੀ ਵਸਨੀਕਾਂ ਲਈ ਵੀ ਰਿਲੀਜ਼ ਕੀਤਾ ਜਾ ਰਿਹਾ ਹੈ, ਜਿਥੇ ਕਿ ਆਮ ਤੌਰ 'ਤੇ ਕਿਸੇ ਵੀ ਪੰਜਾਬੀ ਫਿਲਮ ਦਾ ਪ੍ਰੀਮੀਅਰ ਨਹੀਂ ਹੁੰਦਾ। ਵੱਡੇ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ 'ਅਰਦਾਸ' ਨੂੰ ਲੋਕਾਂ ਨੇ ਪਹਿਲਾਂ ਹੀ ਖਿੜੇ ਮੱਥੇ ਅਪਣਾਇਆ ਤੇ ਗਿੱਪੀ ਗਰੇਵਾਲ ਦੇ ਨਿਰਦੇਸ਼ਨ ਦੀ ਵੀ ਵੱਧ-ਚੜ੍ਹ ਕੇ ਤਾਰੀਫ ਕੀਤੀ ਜਾ ਰਹੀ ਹੈ ਕਿਉਂਕਿ ਟ੍ਰੇਲਰ ਤੋਂ ਹੀ ਪਤਾ ਲੱਗਦਾ ਹੈ ਕਿ ਫਿਲਮ ਦੇਖਣਯੋਗ ਹੋਵੇਗੀ ਤੇ ਆਪਣੇ ਟਾਈਟਲ 'ਅਰਦਾਸ' ਦੇ ਹੱਕ 'ਚ ਰਹੇਗੀ। 'ਅਰਦਾਸ' ਨੂੰ ਦੁਨੀਆ ਭਰ ਦੇ ਵੱਡੇ ਬਰਾਂਡ ਸੁਪੋਰਟ ਕਰ ਰਹੇ ਹਨ, ਜਿਨ੍ਹਾਂ 'ਚੋਂ ਇਕ ਹੈ 'ਬਰਗਰ ਕਿੰਗ', ਜਿਸ ਨੇ 'ਅਰਦਾਸ' ਲਈ ਇਕ ਵੱਖਰਾ ਪ੍ਰੀਮੀਅਰ ਬੁੱਕ ਕਰਵਾਇਆ ਹੈ।

ਕੁੱਲ ਮਿਲਾ ਕੇ ਇਹ ਇਕ ਪਰਿਵਾਰਕ ਫਿਲਮ ਹੈ। 'ਅਰਦਾਸ' ਫਿਲਮ ਵੇਖਣ ਯੋਗ ਸਫਲ ਉਪਰਾਲਾ ਹੈ।

## ਸ਼ੋਕ ਸਮਾਚਾਰ ਭੈਣ ਸਿਮਰਜੀਤ ਕੌਰ ਸਵਰਗਵਾਸ



**ਬਾਘਾ ਪੁਰਾਣਾ/ ਸਾਧੂ ਸਿੰਘ ਧੰਮੂ** - ਪੁਰਬਾ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਹੋਇਆਂ ਜਦ ਉਨ੍ਹਾਂ ਦੇ ਵੱਡੇ ਭੈਣ ਜੀ ਸਿਮਰਜੀਤ ਕੌਰ ਲੰਗੇਆਣਾ ਬੇ-ਵਕਤ ਅਕਾਲ ਚਲਾਣਾ ਕਰ ਗਏ।

ਇਸ ਦੁੱਖ ਦੀ ਘੜੀ ਵਿੱਚ ਲੰਗੇਆਣਾ ਪਰਿਵਾਰ ਬਾਈ ਦਲਜੀਤ ਸਿੰਘ, ਕੁਲਵਿੰਦਰ ਸਿੰਘ, ਗੁਰਮੀਤ ਸਿੰਘ ਅਤੇ ਸਮੂੰਹ ਪ੍ਰੀਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

ਇਸ ਸ਼ੋਕਮਈ ਘੜੀ ਵਿੱਚ ਸ. ਗੁਰਮੇਲ ਸਿੰਘ ਪੁਰਬਾ-ਸ੍ਰੀਮਤੀ ਕਰਮਜੀਤ ਕੌਰ (ਚਾਚੀ-ਚਾਚਾ), ਸ੍ਰੀਮਤੀ ਅੰਗਰੇਜ਼ ਕੌਰ (ਮਾਤਾ), ਜਸਵਿੰਦਰ ਸਿੰਘ ਪੁਰਬਾ-ਸਰਬਜੀਤ ਕੌਰ (ਭਰਾ-ਭਰਜਾਈ), ਅਮਰਜੀਤ ਖੁਖਰਾਣਾ-ਰਣਜੀਤ ਕੌਰ (ਭਰਾ-ਭਰਜਾਈ), ਭਵਨਦੀਪ ਸਿੰਘ ਪੁਰਬਾ-ਭਾਗਵੰਤੀ ਪੁਰਬਾ (ਭਰਾ-ਭਰਜਾਈ), ਗੁਰਸੇਵਕ ਸਿੰਘ ਕੈਨੇਡਾ-ਗਗਨਦੀਪ ਕੌਰ (ਭਰਾ-ਭਰਜਾਈ), ਕਮਲਜੀਤ ਸਿੰਘ ਪੁਰਬਾ-ਪੁਸ਼ਪਿੰਦਰ ਕੌਰ (ਭਰਾ-ਭਰਜਾਈ), ਬਲਸ਼ਰਨ ਸਿੰਘ ਪੁਰਬਾ-ਅਮਨਦੀਪ ਕੌਰ (ਭਰਾ-ਭਰਜਾਈ) ਅਤੇ ਸਮੂੰਹ ਪੁਰਬਾ ਪਰਿਵਾਰ ਨਾਲ 'ਮਹਿਕ ਵਤਨ ਦੀ ਲਾਈਵ' ਦੇ ਸਮੂੰਹ ਸਟਾਫ ਵੱਲੋਂ ਅਤੇ ਮਾਲਵਾ ਢਾਡੀ ਕਵੀਸ਼ਰ ਕਲਾ ਬਚਾਓ ਲਹਿਰ, ਪੰਜਾਬ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।